Unofficial Translation

ਅਣ-ਆਧਿਕਾਰਿਕ ਅਨੁਵਾਦ

**ਅਲਬਰਟਾ ਦੇ ਆਗਾਮੀ ਰਿਫਰੈਂਡਮ ਵਿੱਚ ਬੈਲਟ (ਮਤਦਾਨ) ਦੇ ਸਵਾਲਾਂ ਬਾਰੇ ਜਾਣਕਾਰੀ**

**ਬਹੁ-ਭਾਸ਼ਾਈ ਅਨੁਵਾਦ ਲਈ**

**ਬੈਲਟ ਸਵਾਲ 1**

**ਕੀ ਤੁਸੀਂ ਅਲਬਰਟਾ ਸਰਕਾਰ ਦੁਆਰਾ ਇਮੀਗ੍ਰੇਸ਼ਨ (ਪ੍ਰਵਾਸ) ਉੱਤੇ ਵਧੇਰੇ ਕੰਟਰੋਲ ਹਾਸਲ ਕਰਨ ਦਾ ਸਮਰਥਨ ਕਰਦੇ ਹੋ? ਇਸਦਾ ਮਕਸਦ ਇਮੀਗ੍ਰੇਸ਼ਨ ਨੂੰ ਵਧੇਰੇ ਟਿਕਾਊ ਪੱਧਰ ਤੱਕ ਘਟਾਉਣਾ, ਆਰਥਿਕ ਪ੍ਰਵਾਸ ਨੂੰ ਤਰਜੀਹ ਦੇਣਾ ਅਤੇ ਨਵੇਂ ਰੁਜ਼ਗਾਰ ਦੇ ਮੌਕਿਆਂ ਵਿੱਚ ਅਲਬਰਟਾ ਵਾਸੀਆਂ ਨੂੰ ਪਹਿਲੀ ਤਰਜੀਹ ਦੇਣਾ ਹੋਵੇਗਾ?**

1905 ਵਿੱਚ ਜਦੋਂ ਅਲਬਰਟਾ ਇੱਕ ਸੂਬਾ ਬਣਿਆ ਸੀ, ਤਾਂ ਇਸਦੀ ਆਬਾਦੀ ਲਗਭਗ 2,00,000 ਸੀ। ਅੱਜ, ਇੱਥੇ 50 ਲੱਖ (5 ਮਿਲੀਅਨ) ਤੋਂ ਵੱਧ ਲੋਕ ਰਹਿੰਦੇ ਹਨ। ਅਲਬਰਟਾ ਦਾ ਵਿਕਾਸ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ, ਜਿਨ੍ਹਾਂ ਵਿੱਚ ਨਵੇਂ ਆਏ ਲੋਕ ਵੀ ਸ਼ਾਮਲ ਹਨ, ਸਦਕਾ ਹੋਇਆ ਹੈ।

ਅਲਬਰਟਾ ਨੇ ਆਰਥਿਕਤਾ ਵਿੱਚ ਯੋਗਦਾਨ ਪਾਉਣ ਵਾਲੇ ਪ੍ਰਵਾਸੀਆਂ ਦੀ ਚੋਣ ਕਰਨ ਵਿੱਚ ਵਧੇਰੇ ਅਧਿਕਾਰ ਮੰਗੇ ਹਨ। ਇਹ ਅੱਜ ਵੀ ਮਹੱਤਵਪੂਰਨ ਹੈ। ਅਲਬਰਟਾ ਨੂੰ ਇਮੀਗ੍ਰੇਸ਼ਨ ਦੇ ਅਜਿਹੇ ਪੱਧਰਾਂ ਦੀ ਵੀ ਲੋੜ ਹੈ ਜਿਨ੍ਹਾਂ ਨੂੰ ਭਾਈਚਾਰੇ, ਜਨਤਕ ਸੇਵਾਵਾਂ ਅਤੇ ਆਰਥਿਕਤਾ ਸੰਭਾਲ ਸਕਣ।

ਫੈਡਰਲ (ਕੇਂਦਰ) ਸਰਕਾਰ ਵੱਲੋਂ ਨਿਰਧਾਰਿਤ ਕੀਤੇ ਗਏ ਮੌਜੂਦਾ ਇਮੀਗ੍ਰੇਸ਼ਨ ਪੱਧਰ ਅਲਬਰਟਾ ਸਰਕਾਰ ਦੀਆਂ ਸਿਹਤ ਸੰਭਾਲ ਅਤੇ ਸਿੱਖਿਆ ਵਰਗੀਆਂ ਸੇਵਾਵਾਂ ਉੱਤੇ ਦਬਾਅ ਪਾ ਰਹੇ ਹਨ। ਇਸ ਨਾਲ ਸੇਵਾਵਾਂ ਪ੍ਰਾਪਤ ਕਰਨਾ ਵਧੇਰੇ ਮੁਸ਼ਕਲ ਅਤੇ ਮਹਿੰਗਾ ਹੋ ਸਕਦਾ ਹੈ। ਅਲਬਰਟਾ ਸਰਕਾਰ ਹੋਰ ਕੰਟਰੋਲ ਚਾਹੁੰਦੀ ਹੈ ਤਾਂ ਜੋ ਇਮੀਗ੍ਰੇਸ਼ਨ ਅਲਬਰਟਾ ਵਾਸੀਆਂ ਅਤੇ ਨਵੇਂ ਆਏ ਲੋਕਾਂ ਦੋਵਾਂ ਲਈ ਬਿਹਤਰ ਢੰਗ ਨਾਲ ਕੰਮ ਕਰ ਸਕੇ।

**ਬੈਲਟ ਸਵਾਲ 2**

**ਕੀ ਤੁਸੀਂ ਅਲਬਰਟਾ ਸਰਕਾਰ ਦੁਆਰਾ ਅਜਿਹਾ ਕਾਨੂੰਨ ਲਿਆਉਣ ਦਾ ਸਮਰਥਨ ਕਰਦੇ ਹੋ ਕਿ ਸਿਰਫ਼ ਕੈਨੇਡੀਅਨ ਨਾਗਰਿਕ, ਪੱਕੇ ਵਸਨੀਕ (PR) ਅਤੇ ਅਲਬਰਟਾ ਦੁਆਰਾ ਮਨਜ਼ੂਰਸ਼ੁਦਾ ਇਮੀਗ੍ਰੇਸ਼ਨ ਸਥਿਤੀ (ਸਟੇਟਸ) ਵਾਲੇ ਵਿਅਕਤੀ ਹੀ ਸੂਬਾਈ ਫੰਡ ਪ੍ਰਾਪਤ ਪ੍ਰੋਗਰਾਮਾਂ ਦੇ ਯੋਗ ਹੋਣਗੇ? ਇਹਨਾਂ ਪ੍ਰੋਗਰਾਮਾਂ ਵਿੱਚ ਸਿਹਤ ਸੰਭਾਲ, ਸਿੱਖਿਆ ਅਤੇ ਹੋਰ ਸਮਾਜਿਕ ਸੇਵਾਵਾਂ ਸ਼ਾਮਲ ਹੋਣਗੀਆਂ?**

ਇਹ ਸਵਾਲ ਪੁੱਛਦਾ ਹੈ ਕਿ ਕੀ ਅਲਬਰਟਾ ਨੂੰ ਸੂਬਾਈ ਫੰਡ ਪ੍ਰਾਪਤ ਪ੍ਰੋਗਰਾਮਾਂ ਨੂੰ ਸਿਰਫ਼ ਕੈਨੇਡੀਅਨ ਨਾਗਰਿਕਾਂ, ਪੱਕੇ ਵਸਨੀਕਾਂ ਅਤੇ ਅਲਬਰਟਾ ਦੁਆਰਾ ਪ੍ਰਵਾਨਿਤ ਇਮੀਗ੍ਰੇਸ਼ਨ ਸਥਿਤੀ ਵਾਲੇ ਲੋਕਾਂ ਤੱਕ ਹੀ ਸੀਮਤ ਰੱਖਣਾ ਚਾਹੀਦਾ ਹੈ। ਅਲਬਰਟਾ ਦੀ ਮਨਜ਼ੂਰੀ ਤੋਂ ਬਿਨਾਂ ਵਾਲੇ ਲੋਕ ਇਹਨਾਂ ਪ੍ਰੋਗਰਾਮਾਂ ਦੀ ਵਰਤੋਂ ਨਹੀਂ ਕਰ ਸਕਣਗੇ। ਇਸਦਾ ਟੀਚਾ ਜਨਤਕ ਸੇਵਾਵਾਂ ਨੂੰ ਕਿਫਾਇਤੀ ਰੱਖਣ ਵਿੱਚ ਮਦਦ ਕਰਨਾ ਹੈ।

Unofficial Translation ਅਣ-ਅਧਿਕਾਰਿਕ ਅਨੁਵਾਦ

**ਬੈਲਟ ਸਵਾਲ 3**

**ਕੀ ਤੁਸੀਂ ਅਲਬਰਟਾ ਸਰਕਾਰ ਦੁਆਰਾ ਅਜਿਹਾ ਕਾਨੂੰਨ ਲਿਆਉਣ ਦਾ ਸਮਰਥਨ ਕਰਦੇ ਹੋ ਜਿਸ ਤਹਿਤ ਸਾਰੇ ਗ਼ੈਰ-ਸਥਾਈ ਕਾਨੂੰਨੀ ਪ੍ਰਵਾਸੀਆਂ ਨੂੰ ਸੂਬਾਈ ਫੰਡ ਪ੍ਰਾਪਤ ਕਿਸੇ ਵੀ ਸਮਾਜਿਕ ਸਹਾਇਤਾ ਪ੍ਰੋਗਰਾਮ ਦੇ ਯੋਗ ਬਣਨ ਤੋਂ ਪਹਿਲਾਂ ਘੱਟੋ-ਘੱਟ 12 ਮਹੀਨੇ ਅਲਬਰਟਾ ਵਿੱਚ ਰਹਿਣਾ ਲਾਜ਼ਮੀ ਹੋਵੇਗਾ?**

ਇਹ ਸਵਾਲ ਪੁੱਛਦਾ ਹੈ ਕਿ ਕੀ ਅਸਥਾਈ ਵਸਨੀਕਾਂ (ਟੈਂਪਰੇਰੀ ਰੈਜ਼ੀਡੈਂਟਸ) ਨੂੰ ਸੂਬਾਈ ਫੰਡ ਪ੍ਰਾਪਤ ਸਮਾਜਿਕ ਸਹਾਇਤਾ ਪ੍ਰੋਗਰਾਮ ਪ੍ਰਾਪਤ ਕਰਨ ਤੋਂ ਪਹਿਲਾਂ ਘੱਟੋ-ਘੱਟ 12 ਮਹੀਨੇ ਅਲਬਰਟਾ ਵਿੱਚ ਰਹਿਣਾ ਚਾਹੀਦਾ ਹੈ। ਇਹਨਾਂ ਪ੍ਰੋਗਰਾਮਾਂ ਵਿੱਚ ਬਾਲ-ਦੇਖਭਾਲ ਸਬਸਿਡੀਆਂ (ਚਾਈਲਡ-ਕੇਅਰ ਸਬਸਿਡੀਆਂ), ਵਿਦਿਆਰਥੀ ਸਹਾਇਤਾ, ਭੱਤੇ ਅਤੇ ਆਮਦਨ ਸਹਾਇਤਾ ਸ਼ਾਮਲ ਹੋ ਸਕਦੇ ਹਨ। ਇਸਦਾ ਟੀਚਾ ਇਹਨਾਂ ਪ੍ਰੋਗਰਾਮਾਂ ਨੂੰ ਉਪਲਬਧ ਅਤੇ ਕਿਫ਼ਾਇਤੀ ਰੱਖਣਾ ਹੈ।

**ਬੈਲਟ ਸਵਾਲ 4**

**ਕੀ ਤੁਸੀਂ ਅਲਬਰਟਾ ਵਿੱਚ ਰਹਿ ਰਹੇ ਗ਼ੈਰ-ਸਥਾਈ ਇਮੀਗ੍ਰੇਸ਼ਨ ਸਥਿਤੀ ਵਾਲੇ ਵਿਅਕਤੀਆਂ ਤੋਂ ਅਲਬਰਟਾ ਸਰਕਾਰ ਦੁਆਰਾ ਇੱਕ ਵਾਜਬ ਫੀਸ ਲਏ ਜਾਣ ਦਾ ਸਮਰਥਨ ਕਰਦੇ ਹੋ ਤਾਂ ਜੋ ਉਹ ਅਤੇ ਉਹਨਾਂ ਦੇ ਪਰਿਵਾਰ ਸਿਹਤ ਸੰਭਾਲ ਅਤੇ ਸਿੱਖਿਆ ਪ੍ਰਣਾਲੀ ਦੀ ਵਰਤੋਂ ਕਰ ਸਕਣ?**

ਇਹ ਸਵਾਲ ਪੁੱਛਦਾ ਹੈ ਕਿ ਕੀ ਅਸਥਾਈ ਵਸਨੀਕਾਂ ਨੂੰ ਆਪਣੀ ਅਸਥਾਈ ਸਥਿਤੀ ਦੌਰਾਨ ਜਨਤਕ ਸਿਹਤ ਸੰਭਾਲ ਅਤੇ ਸਿੱਖਿਆ ਦੀ ਵਰਤੋਂ ਕਰਨ ਲਈ ਇੱਕ ਵਾਜਬ ਫੀਸ ਅਦਾ ਕਰਨੀ ਚਾਹੀਦੀ ਹੈ। ਜੇਕਰ ਉਹ ਕੈਨੇਡੀਅਨ ਨਾਗਰਿਕ ਜਾਂ ਪੱਕੇ ਵਸਨੀਕ ਬਣ ਜਾਂਦੇ ਹਨ ਤਾਂ ਇਹ ਫੀਸ ਬੰਦ ਹੋ ਜਾਵੇਗੀ। ਇਸਦਾ ਟੀਚਾ ਅਸਥਾਈ ਵਸਨੀਕਾਂ ਵੱਲੋਂ ਅਲਬਰਟਾ ਵਿੱਚ ਵਰਤੀਆਂ ਜਾਂਦੀਆਂ ਸੇਵਾਵਾਂ ਲਈ ਖ਼ਰਚਾ ਦੇਣ ਵਿੱਚ ਮਦਦ ਕਰਨਾ ਹੈ।

**ਬੈਲਟ ਸਵਾਲ 5**

**ਕੀ ਤੁਸੀਂ ਅਲਬਰਟਾ ਸਰਕਾਰ ਦੁਆਰਾ ਅਜਿਹਾ ਕਾਨੂੰਨ ਲਿਆਉਣ ਦਾ ਸਮਰਥਨ ਕਰਦੇ ਹੋ ਜਿਸ ਵਿੱਚ ਅਲਬਰਟਾ ਦੀਆਂ ਸੂਬਾਈ ਚੋਣਾਂ ਵਿੱਚ ਵੋਟ ਪਾਉਣ ਲਈ ਨਾਗਰਿਕਤਾ ਦਾ ਸਬੂਤ ਦੇਣਾ ਲਾਜ਼ਮੀ ਹੋਵੇ? ਨਾਗਰਿਕਤਾ ਦਾ ਸਬੂਤ ਪਾਸਪੋਰਟ, ਜਨਮ ਸਰਟੀਫਿਕੇਟ ਜਾਂ ਨਾਗਰਿਕਤਾ ਕਾਰਡ ਹੋ ਸਕਦਾ ਹੈ।**

ਜੇਕਰ ਇਹ ਸਵਾਲ ਸਵੀਕਾਰ ਕਰ ਲਿਆ ਜਾਂਦਾ ਹੈ, ਤਾਂ ਵੋਟਰਾਂ ਨੂੰ ਅਲਬਰਟਾ ਸੂਬਾਈ ਚੋਣਾਂ ਵਿੱਚ ਵੋਟ ਪਾਉਣ ਤੋਂ ਪਹਿਲਾਂ ਇਹ ਸਬੂਤ ਦਿਖਾਉਣਾ ਹੋਵੇਗਾ ਕਿ ਉਹ ਕੈਨੇਡੀਅਨ ਨਾਗਰਿਕ ਹਨ। ਸਬੂਤ ਵਿੱਚ ਪਾਸਪੋਰਟ, ਜਨਮ ਸਰਟੀਫਿਕੇਟ, ਨਾਗਰਿਕਤਾ ਕਾਰਡ, ਜਾਂ ਨਾਗਰਿਕਤਾ ਮਾਰਕਰ ਵਾਲਾ ਅਲਬਰਟਾ ਦਾ ਡਰਾਈਵਰ ਲਾਇਸੈਂਸ ਜਾਂ ਆਈਡੀ ਕਾਰਡ ਸ਼ਾਮਲ ਹੋ ਸਕਦਾ ਹੈ। ਇਸਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਅਲਬਰਟਾ ਸੂਬਾਈ ਚੋਣਾਂ ਵਿੱਚ ਸਿਰਫ਼ ਯੋਗ ਕੈਨੇਡੀਅਨ ਨਾਗਰਿਕ ਹੀ ਵੋਟ ਪਾਉਣ।

Unofficial Translation

ਅਣ-ਆਧਿਕਾਰਿਕ ਅਨੁਵਾਦ

**ਬੈਲਟ ਸਵਾਲ 6**

**ਕੀ ਤੁਸੀਂ ਅਲਬਰਟਾ ਸਰਕਾਰ ਦੁਆਰਾ ਕੈਨੇਡੀਅਨ ਸੰਵਿਧਾਨ ਵਿੱਚ ਸੋਧ ਕਰਨ ਲਈ ਦੂਜੇ ਸੂਬਿਆਂ ਨਾਲ ਮਿਲ ਕੇ ਕੰਮ ਕਰਨ ਦਾ ਸਮਰਥਨ ਕਰਦੇ ਹੋ? ਇਹ ਸੋਧ ਫੈਡਰਲ ਸਰਕਾਰ ਦੀ ਬਜਾਏ ਸੂਬਾਈ ਸਰਕਾਰਾਂ ਨੂੰ ਸੂਬਾਈ ਕਿੰਗਜ਼ ਬੈਂਚ ਅਤੇ ਅਪੀਲ ਅਦਾਲਤਾਂ ਲਈ ਜੱਜ ਨਿਯੁਕਤ ਕਰਨ ਦਾ ਅਧਿਕਾਰ ਦੇਵੇਗੀ?**

ਅਲਬਰਟਾ ਦੀ ਕੋਰਟ ਆਫ਼ ਅਪੀਲ ਅਤੇ ਕੋਰਟ ਆਫ਼ ਕਿੰਗਜ਼ ਬੈਂਚ ਨਿਆਂ ਪ੍ਰਣਾਲੀ ਦੇ ਮੁੱਖ ਅੰਗ ਹਨ। ਅੱਜ, ਫੈਡਰਲ ਸਰਕਾਰ ਇਹਨਾਂ ਜੱਜਾਂ ਦੀ ਚੋਣ ਕਰਦੀ ਹੈ। ਇਹ ਸਵਾਲ ਪੁੱਛਦਾ ਹੈ ਕਿ ਕੀ ਸੰਵਿਧਾਨ ਵਿੱਚ ਬਦਲਾਅ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਇਸਦੀ ਬਜਾਏ ਸੂਬੇ ਇਹਨਾਂ ਜੱਜਾਂ ਦੀ ਚੋਣ ਕਰ ਸਕਣ।

ਇਸ ਤਬਦੀਲੀ ਲਈ ਕੈਨੇਡਾ ਦੇ ਸੰਵਿਧਾਨ ਵਿੱਚ ਸੋਧ ਦੀ ਲੋੜ ਹੋਵੇਗੀ। ਇਹ ਤਬਦੀਲੀਆਂ ਜੱਜਾਂ ਦੀ ਸੁਤੰਤਰਤਾ ਬਣਾਈ ਰੱਖਣ ਦੇ ਨਾਲ-ਨਾਲ, ਅਲਬਰਟਾ ਨੂੰ ਜੱਜਾਂ ਦੇ ਖਾਲੀ ਅਹੁਦਿਆਂ ਨੂੰ ਤੇਜ਼ੀ ਨਾਲ ਭਰਨ ਅਤੇ ਜੱਜ ਕੌਣ ਬਣਦਾ ਹੈ ਇਸ ਵਿੱਚ ਅਲਬਰਟਾ ਵਾਸੀਆਂ ਨੂੰ ਵਧੇਰੇ ਆਵਾਜ਼ ਦੇਣ ਵਿੱਚ ਮਦਦ ਕਰ ਸਕਦੀਆਂ ਹਨ।

**ਬੈਲਟ ਸਵਾਲ 7**

**ਕੀ ਤੁਸੀਂ ਅਲਬਰਟਾ ਸਰਕਾਰ ਅਤੇ ਹੋਰ ਸੂਬਿਆਂ ਦੁਆਰਾ ਗ਼ੈਰ-ਚੁਣੀ ਗਈ ਫੈਡਰਲ ਸੈਨੇਟ ਨੂੰ ਖ਼ਤਮ ਕਰਨ ਲਈ ਕੈਨੇਡੀਅਨ ਸੰਵਿਧਾਨ ਵਿੱਚ ਸੋਧ ਕਰਨ ਦੇ ਯਤਨਾਂ ਦਾ ਸਮਰਥਨ ਕਰਦੇ ਹੋ?**

ਇਹ ਸਵਾਲ ਪੁੱਛਦਾ ਹੈ ਕਿ ਕੀ ਅਲਬਰਟਾ ਨੂੰ ਫੈਡਰਲ ਸੈਨੇਟ ਨੂੰ ਖ਼ਤਮ ਕਰਨ ਲਈ ਦੂਜੇ ਸੂਬਿਆਂ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਸਮਰਥਕਾਂ ਦਾ ਕਹਿਣਾ ਹੈ ਕਿ ਸੰਸਦ ਵਿੱਚ ਉਨ੍ਹਾਂ ਦੀ ਨੁਮਾਇੰਦਗੀ ਕੌਣ ਕਰਦਾ ਹੈ, ਇਸ ਬਾਰੇ ਅਲਬਰਟਾ ਵਾਸੀਆਂ ਦਾ ਵਧੇਰੇ ਕਹਿਣਾ ਹੋਣਾ ਚਾਹੀਦਾ ਹੈ। 105 ਸੀਟਾਂ ਵਿੱਚੋਂ ਅਲਬਰਟਾ ਕੋਲ ਸਿਰਫ਼ ਛੇ ਸੈਨੇਟ ਸੀਟਾਂ ਹਨ। ਅਲਬਰਟਾ ਨਾਲੋਂ ਛੋਟੇ ਕੁਝ ਖੇਤਰਾਂ ਕੋਲ ਸਾਡੇ ਨਾਲੋਂ ਵੱਧ ਸੀਟਾਂ ਹਨ।

**ਬੈਲਟ ਸਵਾਲ 8**

**ਕੀ ਤੁਸੀਂ ਅਲਬਰਟਾ ਸਰਕਾਰ ਦੁਆਰਾ ਕੈਨੇਡੀਅਨ ਸੰਵਿਧਾਨ ਵਿੱਚ ਸੋਧ ਕਰਨ ਲਈ ਦੂਜੇ ਸੂਬਿਆਂ ਨਾਲ ਮਿਲ ਕੇ ਕੰਮ ਕਰਨ ਦਾ ਸਮਰਥਨ ਕਰਦੇ ਹੋ ਤਾਂ ਜੋ ਸੂਬਿਆਂ ਨੂੰ ਫੈਡਰਲ ਪ੍ਰੋਗਰਾਮਾਂ ਤੋਂ ਬਾਹਰ ਹੋਣ (ਆਪਟ-ਆਊਟ ਕਰਨ) ਦੀ ਇਜਾਜ਼ਤ ਮਿਲ ਸਕੇ? ਇਹਨਾਂ ਵਿੱਚ ਸਿਹਤ ਸੰਭਾਲ, ਸਿੱਖਿਆ ਅਤੇ ਸਮਾਜਿਕ ਸੇਵਾਵਾਂ ਸ਼ਾਮਲ ਹੋ ਸਕਦੀਆਂ ਹਨ। ਸੂਬੇ ਆਪਣੇ ਸਮਾਜਿਕ ਪ੍ਰੋਗਰਾਮਾਂ ਵਿੱਚ ਵਰਤਣ ਲਈ ਸਬੰਧਤ ਫੈਡਰਲ ਫੰਡਿੰਗ ਨਹੀਂ ਗੁਆਉਣਗੇ?**

ਕੈਨੇਡਾ ਇੱਕ ਵਿਸ਼ਾਲ ਦੇਸ਼ ਹੈ। ਵੱਖ-ਵੱਖ ਖੇਤਰਾਂ ਦੀਆਂ ਵੱਖ-ਵੱਖ ਲੋੜਾਂ ਹਨ। ਇਹ ਸਵਾਲ ਪੁੱਛਦਾ ਹੈ ਕਿ ਕੀ ਸੂਬਿਆਂ ਨੂੰ ਉਹਨਾਂ ਖੇਤਰਾਂ ਦੇ ਪ੍ਰੋਗਰਾਮਾਂ 'ਤੇ ਵਧੇਰੇ ਨਿਯੰਤਰਣ ਹੋਣਾ ਚਾਹੀਦਾ ਹੈ ਜਿਨ੍ਹਾਂ ਲਈ ਉਹ ਆਮ ਤੌਰ 'ਤੇ ਜ਼ਿੰਮੇਵਾਰ ਹਨ।

ਫੈਡਰਲ ਸਰਕਾਰ ਨੇ ਅਕਸਰ ਸੂਬਿਆਂ ਨਾਲ ਢੁਕਵੀਂ ਚਰਚਾ ਕੀਤੇ ਬਿਨਾਂ ਸੂਬਾਈ ਖੇਤਰਾਂ ਵਿੱਚ ਕੰਮ ਕੀਤਾ ਹੈ। ਉਦਾਹਰਣਾਂ ਵਿੱਚ ਕੁਦਰਤੀ ਸਰੋਤ, ਵਾਤਾਵਰਣ, ਬੁਨਿਆਦੀ ਢਾਂਚਾ, ਸਿਹਤ ਸੰਭਾਲ ਅਤੇ ਸਮਾਜਿਕ ਸੇਵਾਵਾਂ ਸ਼ਾਮਲ ਹਨ।

Unofficial Translation ਅਣ-ਆਧਿਕਾਰਿਕ ਅਨੁਵਾਦ

ਫੈਡਰਲ ਫੰਡਿੰਗ ਕਈ ਵਾਰ ਸ਼ਰਤਾਂ ਨਾਲ ਆਉਂਦੀ ਹੈ। ਇਹ ਸ਼ਰਤਾਂ ਇਸ ਗੱਲ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ ਕਿ ਸੂਬੇ ਆਪਣੇ ਪ੍ਰੋਗਰਾਮ ਕਿਵੇਂ ਚਲਾਉਂਦੇ ਹਨ। ਇਹ ਸਵਾਲ ਪੁੱਛਦਾ ਹੈ ਕਿ ਕੀ ਸੂਬਿਆਂ ਨੂੰ ਸੂਬਾਈ ਅਧਿਕਾਰ ਖੇਤਰਾਂ ਅਧੀਨ ਆਉਂਦੇ ਫੈਡਰਲ ਪ੍ਰੋਗਰਾਮਾਂ ਵਿੱਚੋਂ ਬਾਹਰ ਹੋਣ ਦੀ ਛੋਟ ਹੋਣੀ ਚਾਹੀਦੀ ਹੈ ਅਤੇ ਫਿਰ ਵੀ ਆਪਣੇ ਪ੍ਰੋਗਰਾਮਾਂ ਲਈ ਫੈਡਰਲ ਫੰਡਿੰਗ ਦਾ ਆਪਣਾ ਹਿੱਸਾ ਮਿਲਣਾ ਚਾਹੀਦਾ ਹੈ।

### ਬੈਲਟ ਸਵਾਲ 9

**ਕੀ ਤੁਸੀਂ ਅਲਬਰਟਾ ਸਰਕਾਰ ਦੁਆਰਾ ਕੈਨੇਡੀਅਨ ਸੰਵਿਧਾਨ ਵਿੱਚ ਸੋਧ ਕਰਨ ਲਈ ਦੂਜੇ ਸੂਬਿਆਂ ਨਾਲ ਮਿਲ ਕੇ ਕੰਮ ਕਰਨ ਦਾ ਸਮਰਥਨ ਕਰਦੇ ਹੋ ਤਾਂ ਜੋ ਫੈਡਰਲ ਦਖਲਅੰਦਾਜ਼ੀ ਤੋਂ ਸੂਬਾਈ ਅਧਿਕਾਰਾਂ ਦੀ ਬਿਹਤਰ ਰੱਖਿਆ ਕੀਤੀ ਜਾ ਸਕੇ? ਇਹ ਸੰਵਿਧਾਨਕ ਅਧਿਕਾਰ ਖੇਤਰ ਦੇ ਸੂਬਾਈ ਜਾਂ ਸਾਂਝੇ ਖੇਤਰਾਂ ਨਾਲ ਨਜਿੱਠਣ ਵਾਲੇ ਸੂਬਾਈ ਕਾਨੂੰਨਾਂ ਨੂੰ ਤਰਜੀਹ ਦੇ ਕੇ ਕੀਤਾ ਜਾਵੇਗਾ ਜਦੋਂ ਸੂਬਾਈ ਅਤੇ ਫੈਡਰਲ ਕਾਨੂੰਨ ਆਪਸ ਵਿੱਚ ਟਕਰਾਉਂਦੇ ਹਨ?**

ਕੈਨੇਡਾ ਦਾ ਸੰਵਿਧਾਨ ਸੂਬਿਆਂ ਨੂੰ ਕੁਦਰਤੀ ਸਰੋਤਾਂ, ਬਿਜਲੀ, ਜਨਤਕ ਜ਼ਮੀਨ, ਜਾਇਦਾਦ ਅਤੇ ਨਾਗਰਿਕ ਅਧਿਕਾਰਾਂ ਵਰਗੇ ਖੇਤਰਾਂ 'ਤੇ ਸ਼ਕਤੀਆਂ ਦਿੰਦਾ ਹੈ। ਕਈ ਵਾਰ ਫੈਡਰਲ ਅਤੇ ਸੂਬਾਈ ਕਾਨੂੰਨ ਇੱਕੋ ਮੁੱਦੇ ਨਾਲ ਸੰਬੰਧਿਤ ਹੁੰਦੇ ਹਨ। ਕਈ ਵਾਰ ਉਹ ਕਾਨੂੰਨ ਆਪਸ ਵਿੱਚ ਮੇਲ ਨਹੀਂ ਖਾਂਦੇ। ਕੁਝ ਮਾਮਲਿਆਂ ਵਿੱਚ, ਫੈਡਰਲ ਕਾਨੂੰਨ ਦੀ ਮਾਨਤਾ ਹੁੰਦੀ ਹੈ। ਇਹ ਸਵਾਲ ਪੁੱਛਦਾ ਹੈ ਕਿ ਜਦੋਂ ਕਾਨੂੰਨ ਮੇਲ ਨਾ ਖਾਣ, ਤਾਂ ਕੀ ਸੂਬਾਈ ਜਾਂ ਸਾਂਝੇ ਖੇਤਰਾਂ ਵਿੱਚ ਸੂਬਾਈ ਕਾਨੂੰਨ ਨੂੰ ਮਾਨਤਾ ਮਿਲਣੀ ਚਾਹੀਦੀ ਹੈ।

ਜਦੋਂ ਫੈਡਰਲ ਅਤੇ ਸੂਬਾਈ ਕਾਨੂੰਨ ਮੇਲ ਨਹੀਂ ਖਾਂਦੇ, ਤਾਂ ਇਹ ਤਬਦੀਲੀ ਨਿਯਮਾਂ ਨੂੰ ਹੋਰ ਸਪੱਸ਼ਟ ਕਰੇਗੀ। ਸਮਰਥਕ ਇਹ ਵੀ ਕਹਿੰਦੇ ਹਨ ਕਿ ਇਹ ਸੂਬਿਆਂ ਦੁਆਰਾ ਲਏ ਗਏ ਫੈਸਲਿਆਂ ਦੀ ਰੱਖਿਆ ਕਰਨ ਵਿੱਚ ਮਦਦ ਕਰੇਗਾ।

### ਬੈਲਟ ਸਵਾਲ 10

**ਕੀ ਅਲਬਰਟਾ ਨੂੰ ਕੈਨੇਡਾ ਦਾ ਇੱਕ ਸੂਬਾ ਬਣਿਆ ਰਹਿਣਾ ਚਾਹੀਦਾ ਹੈ? ਜਾਂ, ਕੀ ਅਲਬਰਟਾ ਸਰਕਾਰ ਨੂੰ ਕੈਨੇਡੀਅਨ ਸੰਵਿਧਾਨ ਅਧੀਨ ਲੋੜੀਂਦੀ ਕਾਨੂੰਨੀ ਪ੍ਰਕਿਰਿਆ ਸ਼ੁਰੂ ਕਰਨੀ ਚਾਹੀਦੀ ਹੈ ਤਾਂ ਜੋ ਇਸ ਗੱਲ 'ਤੇ ਇੱਕ ਲਾਜ਼ਮੀ ਸੂਬਾਈ ਰਿਫਰੈਂਡਮ ਕਰਵਾਇਆ ਜਾ ਸਕੇ ਕਿ ਕੀ ਅਲਬਰਟਾ ਨੂੰ ਕੈਨੇਡਾ ਤੋਂ ਵੱਖ ਹੋਣਾ ਚਾਹੀਦਾ ਹੈ?**

ਵੋਟਰ ਹੇਠਾਂ ਦਿੱਤੇ ਦੋ ਵਿਕਲਪਾਂ ਵਿੱਚੋਂ ਇੱਕ ਦੀ ਚੋਣ ਕਰਨਗੇ:

**ਵਿਕਲਪ 1:** ਅਲਬਰਟਾ ਨੂੰ ਕੈਨੇਡਾ ਦਾ ਇੱਕ ਸੂਬਾ ਬਣਿਆ ਰਹਿਣਾ ਚਾਹੀਦਾ ਹੈ।

**ਵਿਕਲਪ 2:** ਅਲਬਰਟਾ ਸਰਕਾਰ ਨੂੰ ਕੈਨੇਡੀਅਨ ਸੰਵਿਧਾਨ ਅਧੀਨ ਲੋੜੀਂਦੀ ਕਾਨੂੰਨੀ ਪ੍ਰਕਿਰਿਆ ਸ਼ੁਰੂ ਕਰਨੀ ਚਾਹੀਦੀ ਹੈ ਤਾਂ ਜੋ ਇਸ ਬਾਰੇ ਇੱਕ ਲਾਜ਼ਮੀ ਸੂਬਾਈ ਰਿਫਰੈਂਡਮ ਕਰਵਾਇਆ ਜਾ ਸਕੇ ਕਿ ਅਲਬਰਟਾ ਨੂੰ ਕੈਨੇਡਾ ਤੋਂ ਵੱਖ ਹੋਣਾ ਚਾਹੀਦਾ ਹੈ ਜਾਂ ਨਹੀਂ।

Unofficial Translation

ਅਣ-ਅਧਿਕਾਰਿਕ ਅਨੁਵਾਦ

ਇਹ ਸਵਾਲ ਅਲਬਰਟਾ ਨੂੰ ਤੁਰੰਤ ਕੈਨੇਡਾ ਤੋਂ ਵੱਖ ਨਹੀਂ ਕਰੇਗਾ। ਜੇਕਰ ਜ਼ਿਆਦਾਤਰ ਵੋਟਰ ਪ੍ਰਕਿਰਿਆ ਸ਼ੁਰੂ ਕਰਨ ਦਾ ਸਮਰਥਨ ਕਰਦੇ ਹਨ, ਤਾਂ ਸਰਕਾਰ ਬਾਅਦ ਵਿੱਚ ਵੱਖ ਹੋਣ 'ਤੇ ਇੱਕ ਲਾਜ਼ਮੀ ਰਿਫਰੈਂਡਮ ਕਰਵਾਉਣ ਲਈ ਲੋੜੀਂਦੇ ਕਾਨੂੰਨੀ ਕਦਮ ਚੁੱਕੇਗੀ।

ਅਲਬਰਟਾ ਸਰਕਾਰ ਦੋ ਕਾਰਨਾਂ ਕਰਕੇ ਇਹ ਸਵਾਲ ਪੁੱਛ ਰਹੀ ਹੈ:

ਪਹਿਲਾ, ਅਲਬਰਟਾ ਦਾ ਕਾਨੂੰਨ ਲੋਕਾਂ ਨੂੰ ਸਰਕਾਰ ਨੂੰ ਰਿਫਰੈਂਡਮ ਕਰਵਾਉਣ ਦੀ ਮੰਗ ਕਰਨ ਦੀ ਇਜਾਜ਼ਤ ਦਿੰਦਾ ਹੈ ਜੇਕਰ ਚਾਰ ਮਹੀਨਿਆਂ ਦੇ ਅੰਦਰ ਲੋੜੀਂਦੀ ਗਿਣਤੀ ਵਿੱਚ ਵੋਟਰ ਇੱਕ ਪਟੀਸ਼ਨ 'ਤੇ ਦਸਤਖਤ ਕਰਦੇ ਹਨ। ਇਸ ਮਾਮਲੇ ਵਿੱਚ, ਲਗਭਗ 7,00,000 ਅਲਬਰਟਾ ਵਾਸੀਆਂ ਨੇ ਇਸ ਪਟੀਸ਼ਨ 'ਤੇ ਦਸਤਖਤ ਕੀਤੇ ਹਨ ਕਿ ਕੀ ਸੂਬੇ ਨੂੰ ਕੈਨੇਡਾ ਵਿੱਚ ਰਹਿਣਾ ਚਾਹੀਦਾ ਹੈ ਜਾਂ ਵੱਖ ਹੋਣਾ ਚਾਹੀਦਾ ਹੈ। ਇਸ ਸਵਾਲ ਨੂੰ ਸ਼ਾਮਲ ਕਰਨਾ ਉਹਨਾਂ ਵੋਟਰਾਂ ਦਾ ਸਤਿਕਾਰ ਕਰਦਾ ਹੈ।

ਦੂਜਾ, ਅਦਾਲਤ ਦੇ ਇੱਕ ਤਾਜ਼ਾ ਫੈਸਲੇ ਵਿੱਚ ਕਿਹਾ ਗਿਆ ਹੈ ਕਿ ਅਲਬਰਟਾ ਸੰਧੀ ਅਧਿਕਾਰਾਂ (treaty rights) 'ਤੇ ਸੰਭਾਵਿਤ ਪ੍ਰਭਾਵਾਂ ਬਾਰੇ ਪਹਿਲਾਂ ਫਸਟ ਨੇਸ਼ਨਜ਼ (First Nations) ਨਾਲ ਗੱਲਬਾਤ ਕੀਤੇ ਬਿਨਾਂ ਵੱਖ ਹੋਣ 'ਤੇ ਲਾਜ਼ਮੀ ਰਿਫਰੈਂਡਮ ਨਹੀਂ ਕਰਵਾ ਸਕਦਾ। ਅਲਬਰਟਾ ਇਸ ਫੈਸਲੇ ਵਿਰੁੱਧ ਅਪੀਲ ਕਰ ਰਿਹਾ ਹੈ। ਜਦੋਂ ਤੱਕ ਇਹ ਫੈਸਲਾ ਬਦਲਦਾ ਜਾਂ ਸਪੱਸ਼ਟ ਨਹੀਂ ਹੁੰਦਾ, ਇਹ ਅਲਬਰਟਾ ਵਿੱਚ ਕਾਨੂੰਨ ਬਣਿਆ ਰਹਿੰਦਾ ਹੈ।

ਅਲਬਰਟਾ ਸਰਕਾਰ ਅਲਬਰਟਾ ਵਾਸੀਆਂ ਤੋਂ ਉਨ੍ਹਾਂ ਦੀ ਰਾਏ ਪੁੱਛਣ ਲਈ ਅਦਾਲਤੀ ਪ੍ਰਕਿਰਿਆ ਦੇ ਖ਼ਤਮ ਹੋਣ ਦਾ ਸਾਲਾਂ ਤੱਕ ਇੰਤਜ਼ਾਰ ਨਹੀਂ ਕਰਨਾ ਚਾਹੁੰਦੀ। ਇਹ ਚਾਹੁੰਦੀ ਹੈ ਕਿ ਅਲਬਰਟਾ ਦੇ ਲੋਕ ਇਸ ਮੁੱਦੇ 'ਤੇ ਵਿਚਾਰ-ਵਟਾਂਦਰਾ ਕਰਨ, ਪੂਰੇ ਸੂਬੇ ਵਿੱਚ ਵੋਟ ਪਾਉਣ, ਅਤੇ ਇਹ ਫੈਸਲਾ ਕਰਨ ਕਿ ਅੱਗੇ ਕੀ ਹੋਣਾ ਚਾਹੀਦਾ ਹੈ।